# BUDHA DAL PUBLIC SCHOOL, PATIALA

## FIRST TERM EXAMINATION (15 September 2023)

**Class-IV**

**Sub: Punjabi**

**(Set - A)**

Time:3hrs. Marks:60

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਹੰਕਾਰ, ਕ੍ਰਿਸ਼ਮਾ, ਪਾਣੀ, ਕੋਸ਼ਿਸ਼

**ਪ੍ਰ2. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ।** (3)

ਗੁਲਾਬ, ਬਿਜਲੀ, ਵਰਖਾ

**ਪ੍ਰ3. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (4)

**(ਸੁੰਦਰਤਾ, ਵਿਗਿਆਨ, ਫੁੱਲ, ਖੋਜ)**

1. ਬਿਜਲੀ ............... ਦਾ ਕ੍ਰਿਸ਼ਮਾ ਹੈ।
2. ਫੁੱਲ ਨੂੰ ਵੀ ਆਪਣੀ .............. ਦਾ ਬਹੁਤ ਮਾਣ ਸੀ।
3. ਬਿਜਲੀ ਦੀ .............. ਬਹੁਤ ਪੁਰਾਣੀ ਹੈ।
4. ਬੱਕਰੀ ਨੂੰ ਗੁਲਾਬ ਦੇ ............ ਪਸੰਦ ਆ ਗਏ।

**ਪ੍ਰ4. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ।** (4)

1. ਬੱਕਰੀ ਨੇ ਗੁਲਾਬ ਦਾ ਬੂਟਾ ਖਾ ਲਿਆ।
2. ਬਿਜਲੀ ਇੱਕ ਆਗਿਆਕਾਰ ਨੌਕਰਾਣੀ ਵਾਂਗ ਕੰਮ ਕਰਦੀ ਹੈ।
3. ਗੁਲਾਬ ਦੇ ਫੁੱਲਾਂ ਦਾ ਬੂਟਾ ਪਹਾੜ 'ਤੇ ਉੱਗਿਆ ਸੀ।
4. ਬਿਜਲੀ ਦੀ ਨੰਗੀ ਤਾਰ ਨੂੰ ਛੂਹਣਾ ਚਾਹੀਦਾ ਹੈ।

**ਪ੍ਰ5. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਨੂੰ (✓) ਕਰੋ।** (4)

1. ਗੁਲਾਬ ਦੇ ਆਲ਼ੇ-ਦੁਆਲ਼ੇ ਕਿਹੋ ਜਿਹੇ ਬੂਟੇ ਸਨ?

   ੳ) ਫ਼ਲਦਾਰ  ਅ) ਕੰਡਿਆਂ ਵਾਲੇ  ੲ) ਸੁੱਕੇ ਹੋਏ

2. ਬਿਜਲੀ ਦੇ ਝਟਕੇ ਨਾਲ ਕੀ ਹੋ ਸਕਦਾ ਹੈ?

   ੳ) ਮੌਤ  ਅ) ਬਿਲ ਵਿੱਚ ਕਟੌਤੀ  ੲ) ਕੁਤਕੁਤਾਰੀਆਂ

3. ਸ਼ਹਿਦ ਦੀ ਮੱਖੀ ਦੇ ਘਰ ਨੂੰ ਕੀ ਆਖਦੇ ਹਨ?

   ੳ) ਆਲ੍ਹਣਾ  ਅ) ਛੱਤਾ  ੲ) ਖੁੱਡ

4. ਹਮਲਾ ਹੋਣ ਦੀ ਸੂਰਤ ਵਿੱਚ ਸ਼ਹਿਦ ਦੀ ਮੱਖੀ ਕੀ ਕਰਦੀ ਹੈ?

   ੳ) ਕੱਟਦੀ ਹੈ  ਅ) ਵੱਢਦੀ ਹੈ  ੲ) ਡੰਗ ਮਾਰਦੀ ਹੈ

Scanned with OKEN Scanner

ਪ੍ਰ6. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

1. ਗਰਮੀਆਂ ਵਿੱਚ ਗੁਲਾਬ ਦਾ ਫੁੱਲ ਕਿਉਂ ਸੁੱਕ ਜਾਂਦਾ ਸੀ?
2. ਬਿਜਲੀ ਕਿਵੇਂ ਬਚਾਉਣੀ ਚਾਹੀਦੀ ਹੈ?
3. 'ਹੰਕਾਰੀ ਗੁਲਾਬ ਦੀ ਕਹਾਣੀ' ਪਾਠ ਤੋਂ ਕੀ ਸਿੱਖਿਆ ਮਿਲਦੀ ਹੈ?
4. ਬਿਜਲੀ ਦੇ ਝਟਕੇ ਤੋਂ ਕਿਵੇਂ ਬਚਿਆ ਜਾ ਸਕਦਾ ਹੈ?

ਪ੍ਰ7. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ:

1. ਉਨੀ ਇੱਕੀ ਦਾ ਫ਼ਰਕ -
2. ਈਦ ਦਾ ਚੰਦ ਹੋਣਾ -
3. ਉੱਲੂ ਬਣਾਉਣਾ -
4. ਸਰ ਕਰਨਾ -

ਪ੍ਰ8. ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:

ਗੁੱਸਾ, ਅਕਾਸ਼, ਬਲ

ਪ੍ਰ9. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:

1. ਜੋ ਕਵਿਤਾ ਲਿਖਦਾ ਹੋਵੇ -
2. ਜੋ ਬਹੁਤ ਘੱਟ ਖ਼ਰਚਾ ਕਰੇ -
3. ਜਿਸ ਨੂੰ ਬਹੁਤ ਗਿਆਨ ਹੋਵੇ -
4. ਜਿਸ ਥਾਂ ਘੋੜੇ ਬੰਨ੍ਹੇ ਜਾਣ -

ਪ੍ਰ10. ਆਮ-ਜਾਣਕਾਰੀ ਸੰਬੰਧੀ ਪ੍ਰਸ਼ਨ/ਉੱਤਰ :

1. ਜਨਵਰੀ ਮਹੀਨੇ ਵਿੱਚ ਕਿਹੜਾ ਤਿਉਹਾਰ ਆਉਂਦਾ ਹੈ?
2. 'ਸੁਤੰਤਰਤਾ ਦਿਵਸ' ਕਿਸ ਦਿਨ ਨੂੰ ਕਹਿੰਦੇ ਹਨ?
3. ਪੰਜਾਬ ਵਿੱਚ ਕਿੰਨੇ ਦਰਿਆ ਹਨ?
4. ਭਾਰਤ ਦੇ ਉਪ-ਰਾਸ਼ਟਰਪਤੀ ਦਾ ਨਾਂ ਦੱਸੋ।

Scanned with OKEN Scanner

11. **ਸਹੀ ਸ਼ਬਦ ਚੁਣ ਕੇ ਲਿਖੋ :** (4)

1. ਮੋਰ ਸਾਡਾ .............. ਪੰਛੀ ਹੈ। (ਰਾਸ਼ਟਰੀ, ਅੰਤਰਰਾਸ਼ਟਰੀ)
2. ਅੰਗੂਰ .................. ਹਨ। (ਕੌੜੇ, ਖੱਟੇ)
3. ਜਿੱਥੇ ਚਾਹ, ਉੱਥੇ ............। (ਸੜਕ, ਰਾਹ)
4. ਝੂਠ ਦੇ ................. ਨਹੀਂ ਹੁੰਦੇ। (ਪੈਰ, ਹੱਥ)

**ਪ੍ਰ12. ਲੇਖ ਲਿਖੋ:** (5)

ਮੇਰਾ ਸਕੂਲ **ਜਾਂ** ਮੇਰਾ ਮਿੱਤਰ / ਮੇਰੀ ਸਹੇਲੀ

**ਪ੍ਰ13.** ਮੁੱਖ ਅਧਿਆਪਕਾ ਜੀ ਨੂੰ ਬਿਮਾਰੀ ਕਾਰਨ ਛੁੱਟੀ ਲਈ ਬਿਨੈ-ਪੱਤਰ ਲਿਖੋ। (5)

**ਜਾਂ**

ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਕਾਰਨ ਛੁੱਟੀ ਲਈ ਬਿਨੈ-ਪੱਤਰ ਲਿਖੋ।

**ਪ੍ਰ14. ਅਣਡਿੱਠਾ ਪੈਰਾ** (4)

ਪੁਰਾਣੇ ਸਮੇਂ ਦੀ ਗੱਲ ਹੈ ਕਿ ਕੁਝ ਕਬੂਤਰ ਇੱਕਠੇ ਹੋ ਕੇ ਉੱਡ ਰਹੇ ਸਨ ਅਤੇ ਭੋਜਨ ਦੀ ਭਾਲ ਵਿੱਚ ਕਾਫ਼ੀ ਦੂਰ ਨਿਕਲ ਗਏ। ਅੱਗੇ ਜਾ ਕੇ ਉਹਨਾਂ ਨੇ ਥੱਲੇ ਜ਼ਮੀਨ 'ਤੇ ਬਹੁਤ ਸਾਰਾ ਅਨਾਜ ਖਿਲਰਿਆ ਵੇਖਿਆ। ਸਾਰੇ ਕਬੂਤਰ ਬੜੇ ਖੁਸ਼ ਹੋਏ ਅਤੇ ਦਾਣਾ ਚੁਗਣ ਲਈ ਥੱਲੇ ਉੱਤਰ ਆਏ। ਜਿਉਂ ਹੀ ਉਹ ਦਾਣਾ ਚੁਗਣ ਲੱਗੇ ਤਾਂ ਇੱਕ ਸ਼ਿਕਾਰੀ ਨੇ ਜਾਲ਼ ਦੀ ਰੱਸੀ ਖਿੱਚ ਕੇ ਉਹਨਾਂ ਨੂੰ ਬੰਦ ਕਰ ਲਿਆ। ਕਬੂਤਰ ਬਹੁਤ ਘਬਰਾ ਗਏ ਅਤੇ ਬਾਹਰ ਨਿਕਲਣ ਦਾ ਯਤਨ ਕਰਨ ਲੱਗੇ। ਉਹਨਾਂ ਵਿੱਚੋਂ ਇੱਕ ਬੁੱਢਾ ਕਬੂਤਰ ਬਹੁਤ ਸਿਆਣਾ ਸੀ। ਉਸ ਨੇ ਕਬੂਤਰਾਂ ਨੂੰ ਸਮਝਾਇਆ ਕਿ ਜੇ ਆਪਾਂ ਸਾਰੇ ਇੱਕਠੇ ਮਿਲ ਕੇ ਉੱਡਣ ਲਈ ਜ਼ੋਰ ਲਗਾਈਏ ਤਾਂ ਜਾਲ਼ ਸਮੇਤ ਹੀ ਉੱਡ ਸਕਦੇ ਹਾਂ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।**

1. ਕਬੂਤਰ ਕਿਸ ਦੀ ਭਾਲ ਵਿੱਚ ਸਨ?
2. ਕੌਣ ਬਹੁਤ ਸਿਆਣਾ ਸੀ?

**ਖਾਲੀ ਥਾਵਾਂ ਭਰੋ:**

1. ਸ਼ਿਕਾਰੀ ਨੇ ਜਾਲ ਦੀ ............... ਖਿੱਚ ਕੇ ਕਬੂਤਰਾਂ ਨੂੰ ਬੰਦ ਕਰ ਦਿੱਤਾ।
2. ............. ਬਹੁਤ ਘਬਰਾ ਗਏ।

**ਸਹੀ/ਗਲਤ:**

1. ਸ਼ਿਕਾਰੀ ਨੇ ਚਿੜੀਆਂ ਨੂੰ ਫੜ ਲਿਆ।
2. ਸ਼ਿਕਾਰੀ ਨੇ ਜ਼ਮੀਨ ਤੇ ਅਨਾਜ ਖਿਲਾਰ ਦਿੱਤਾ।

Scanned with OKEN Scanner